BRAMPTON Service and Information Update

2 ਫਰਵਰੀ, 2023

# ਬ੍ਰੈਂਪਟਨ ਦੇ ਨਿਵਾਸੀਆਂ ਅਤੇ ਕਾਰੋਬਾਰੀਆਂ ਨੂੰ ਸਿਟੀ ਦੇ 2023 ਦੇ ਬਜਟ ਬਾਰੇ ਫੀਡਬੈਕ ਅਤੇ ਸੁਝਾਅ ਪੇਸ਼ ਕਰਨ ਲਈ ਸੱਦਾ ਦਿੱਤਾ ਜਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ, ਸਿਟੀ ਦੇ 2023 ਦੇ ਬਜਟ ਨੂੰ ਬਿਹਤਰ ਬਣਾਉਣ ਵਿੱਚ ਮਦਦ ਲਈ, ਨਿਵਾਸੀਆਂ, ਕਮਿਊਨਿਟੀ ਗਰੁੱਪਾਂ ਅਤੇ ਕਾਰੋਬਾਰ ਮਾਲਕਾਂ ਤੋਂ ਇਨਪੁਟ, ਸੁਝਾਅ ਅਤੇ ਫੀਡਬੈਕ ਮੰਗ ਰਹੀ ਹੈ।

ਜਨਤਾ ਨੂੰ ਪੂਰੀ ਬਜਟ ਪ੍ਰਕਿਰਿਆ ਦੇ ਦੌਰਾਨ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ ਕਿਉਂਕਿ ਸਿਟੀ ਕਈ ਟੈਲੀਫੋਨ ਹਾਲਸ, ਵਾਰਡ-ਵਿਸ਼ੇਸ਼ ਕੌਫੀ ਚੈਟਸ ਅਤੇ ਬਿਜਨੇਸ ਰਾਊਂਡਟੇਬਲ ਦੀ ਮੇਜਬਾਨੀ ਕਰ ਰਹੀ ਹੈ।

**ਹੁਣੇ ਰਜਿਸਟਰ ਕਰੋ: ਬਜਟ ਟੈਲੀ ਟਾਊਨ ਹਾਲ (Budget Tele Town Hall) #1 – 7 ਫਰਵਰੀ**

ਬਜਟ ਚੇਅਰ, ਮੇਅਰ ਪੈਟਰਿਕ ਬ੍ਰਾਊਨ (Patrick Brown) ਅਤੇ ਵਾਈਸ ਚੇਅਰ, ਕਾਊਂਸਲਰ ਪਾੱਲ ਵਿਸੇਂਟ (Paul Vicente), ਮੰਗਲਵਾਰ, 7 ਫਰਵਰੀ, 2023 ਨੂੰ ਸ਼ਾਮ 7 ਵਜੇ ਤੋਂ 8:30 ਵਜੇ ਤੱਕ, ਪਹਿਲੇ ਬਜਟ 2023 ਟੈਲੀਫੋਨ ਟਾਊਨ ਹਾਲ (Budget 2023 Telephone Town Hall) ਦੀ ਮੇਜਬਾਨੀ ਕਰਨਗੇ।

ਕਾੱਲ ਪ੍ਰਾਪਤ ਕਰਨ ਅਤੇ ਸੁਣਨ ਵਾਸਤੇ ਸਾਈਨ ਅੱਪ ਕਰਨ ਲਈ, ਕਿਰਪਾ ਕਰਕੇ ਇੱਥੇ ਕਲਿੱਕ ਕਰੋ (click here)। ਨਿਵਾਸੀ ਔਨਲਾਈਨ ਇੱਥੇ (online here) ਵੀ ਸੁਣ ਸਕਦੇ ਹਨ।

ਹਿੱਸਾ ਲੈਣ ਵਾਲਿਆਂ ਨੂੰ, 2023 ਦੇ ਬਜਟ ਵਿੱਚ ਕਮਿਊਨਿਟੀ ਦੀਆਂ ਤਰਜੀਹਾਂ ਸਾਂਝੀਆਂ ਕਰਨ, ਸਿਟੀ ਦੇ ਸਟਾਫ ਤੋਂ ਸਵਾਲ ਪੁੱਛਣ ਅਤੇ ਮੇਅਰ ਅਤੇ ਕਾਊਂਸਲਰਾਂ ਦੇ ਕੰਮ ਬਾਰੇ ਸੁਝਾਅ ਦੇਣ ਦਾ ਮੌਕਾ ਮਿਲੇਗਾ।

**ਇਹ ਤਾਰੀਖਾਂ ਯਾਦ ਰੱਖੋ**

2023 ਬਜਟ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਦੇ ਹੋਰ ਮੌਕਿਆਂ ਵਿੱਚ ਸ਼ਾਮਲ ਹਨ:

- ਵਾਰਡ ਕੌਫੀ ਚੈਟਸ (Ward Coffee Chats) – 17, 20 ਅਤੇ 21 ਫਰਵਰੀ, 2023
- ਵਰਚੁਅਲ (ਆਭਾਸੀ) ਬਿਜਨੇਸ ਰਾਊਂਡਟੇਬਲ (Virtual Business Roundtable) – 23 ਫਰਵਰੀ, 2023 ਨੂੰ ਸਵੇਰੇ 8 ਵਜੇ
- ਟੈਲੀਫੋਨ ਟਾਊਨ ਹਾਲ (Telephone Town Hall) #2 – 25 ਫਰਵਰੀ, 2023 ਨੂੰ ਦੁਪਹਿਰ 12 ਵਜੇ

ਵਰਚੁਅਲ ਲਿੰਕਾਂ, ਸਮੇਂ ਅਤੇ ਸਥਾਨ(ਨਾਂ) ਬਾਰੇ ਹੋਰ ਵੇਰਵੇ, www.brampton.ca/budget ਤੇ ਅਤੇ ਸਿਟੀ ਆਫ ਬ੍ਰੈਂਪਟਨ ਦੇ Twitter, Facebook ਅਤੇ Instagram ਤੇ ਉਪਲਬਧ ਕਰਾਏ ਜਾਣਗੇ।

**ਬਜਟ 2023 ਦੀ ਸਮਾਂ ਸੀਮਾ**

ਪ੍ਰਸਤਾਵਿਤ ਬਜਟ, ਬੁੱਧਵਾਰ, 15 ਫਰਵਰੀ ਨੂੰ ਸਿਟੀ ਦੀ ਵੈਬਸਾਈਟ ਤੇ ਪੋਸਟ ਕੀਤਾ ਜਾਵੇਗਾ।

ਵਿਚਾਰ-ਵਟਾਂਦਰੇ, 27 ਫਰਵਰੀ, 2023 ਨੂੰ ਸ਼ੁਰੂ ਹੋਣਗੇ ਅਤੇ ਬਜਟ ਪ੍ਰਵਾਨਗੀ ਦੀ ਯੋਜਨਾ 8 ਮਾਰਚ, 2023 ਲਈ ਬਣਾਈ ਗਈ ਹੈ।

ਸਿਟੀ ਆਫ ਬ੍ਰੈਂਪਟਨ ਦਾ ਸਾਲਾਨਾ ਬਜਟ ਪ੍ਰਾਥਮਿਕਤਾਵਾਂ, ਟੀਚਿਆਂ ਅਤੇ ਪਹਿਲਕਦਮੀਆਂ ਦੀ ਪਛਾਣ ਕਰਦਾ ਹੈ, ਜੋ ਸਾਡੇ ਸਰੋਤਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਂਦੇ ਹਨ ਅਤੇ ਸਾਡੀ ਰਣਨੀਤਕ ਯੋਜਨਾ (Strategic Plan) ਨਾਲ ਜੁੜਦੇ ਹਨ, ਜੋ ਸਾਡੇ ਵਸਨੀਕਾਂ ਲਈ ਸਭ ਤੋਂ ਮਹੱਤਵਪੂਰਣ ਚੀਜ਼ਾਂ ਤੇ ਧਿਆਨ ਕੇਂਦਰਿਤ ਕਰਦਾ ਹੈ।

ਸਿਟੀ ਆਫ ਬ੍ਰੈਂਪਟਨ ਦੇ 2023 ਦੇ ਬਜਟ ਬਾਰੇ ਵਧੇਰੇ ਜਾਣਕਾਰੀ ਲਈ, www.brampton.ca/budget ਤੇ ਜਾਓ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca